a2zpapers.com

Roll No. ..................

**031**

Total No. of Questions : 27]

[Total No. of Printed Pages : 8

**SS**

**2117**

**ਸਲਾਨਾ ਪਰੀਖਿਆ ਪ੍ਰਨਾਲੀ**

# POLITICAL SCIENCE

**(Punjabi, Hindi and English Versions)**

Time allowed : Three hours

Maximum marks : 90

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **031** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਪ੍ਰਸ਼ਨ-ਪੱਤਰ ਦੇ ਚਾਰ ਮੁੱਖ **ਭਾਗ-ੳ, ਅ, ੲ, ਸ** ਹੋਣਗੇ ਇਹਨਾਂ ਵਿੱਚ ਪ੍ਰਸ਼ਨਾਂ ਦੀ ਕੁੱਲ ਗਿਣਤੀ 27 ਹੋਵੇਗੀ । **ਵਿਦਿਆਰਥੀ ਨੇ 25 ਪ੍ਰਸ਼ਨ ਕਰਨੇ ਹਨ ।**

(v) **ਭਾਗ-ੳ ਵਿੱਚ ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ** : ਇਸ ਭਾਗ ਵਿੱਚ ਪ੍ਰਸ਼ਨ **1** ਦੇ ਅੰਤਰਗਤ ਦੱਸ ਭਾਗ ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ । ਉੱਤਰ ਇੱਕ ਅੱਖਰ, ਇੱਕ ਥਾਂ ਜਾਂ ਠੀਕ/ਗਲਤ ਜਾਂ ਬਹੁ ਵਿਕਲਪੀ ਉੱਤਰ ਹੋ ਸਕਦਾ ਹੈ । 10×1=10

(vi) **ਭਾਗ-ਅ ਵਿੱਚ ਛੋਟੇ ਉੱਤਰਾਂ ਵਾਲੇ ਪ੍ਰਸ਼ਨ** : ਇਸ ਭਾਗ ਵਿੱਚ 12 ਪ੍ਰਸ਼ਨ ਹੋਣਗੇ (ਲੜੀ ਨੰ. **2 ਤੋਂ 13**) ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ । ਹਰੇਕ ਪ੍ਰਸ਼ਨ ਦਾ ਉੱਤਰ 20-30 ਸ਼ਬਦਾਂ ਦਾ ਹੋ ਸਕਦਾ ਹੈ । **ਸਾਰੇ ਪ੍ਰਸ਼ਨ ਜ਼ਰੂਰੀ ਹਨ ।** 12×2=24

(vii) **ਭਾਗ-ੲ ਵਿੱਚ ਛੋਟੇ ਉੱਤਰਾਂ ਵਾਲੇ ਪ੍ਰਸ਼ਨ** : ਇਸ ਭਾਗ ਵਿੱਚ **(14 ਤੋਂ 23)** ਤਕ ਦਸ ਪ੍ਰਸ਼ਨ ਹੋਣਗੇ । ਹਰੇਕ ਪ੍ਰਸ਼ਨ 4 ਅੰਕਾਂ ਦਾ ਹੋਵੇਗਾ । ਵਿਦਿਆਰਥੀ ਨੇ ਕੋਈ **8** ਪ੍ਰਸ਼ਨ ਕਰਨੇ ਹਨ । ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਹੋ ਸਕਦਾ ਹੈ । 8×4=32

(viii) **ਭਾਗ-ਸ ਲੰਮੇ ਉੱਤਰਾਂ ਵਾਲੇ ਪ੍ਰਸ਼ਨ** : ਇਸ ਭਾਗ ਅਧੀਨ 4 ਪ੍ਰਸ਼ਨ **(24 ਤੋਂ 27)** ਅੰਦਰੂਨੀ ਵਿਕਲਪ ਦੇ ਹੋਣਗੇ । ਹਰੇਕ ਪ੍ਰਸ਼ਨ 6 ਅੰਕਾਂ ਦਾ ਹੈ । ਵਿਦਿਆਰਥੀ ਨੇ 150-200 ਸ਼ਬਦਾਂ ਵਿੱਚ ਉੱਤਰ ਦੇਣਾ ਹੋਵੇਗਾ । 6×4=24

## ਭਾਗ-ੳ

**ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।**

**1.** (ੳ) ਰਾਜਨੀਤਿਕ ਪ੍ਰਣਾਲੀ ਦੀ ਕੋਈ ਇੱਕ ਵਿਸ਼ੇਸ਼ਤਾ ਲਿਖੋ । 1

(ਅ) ਰਾਜਨੀਤਿਕ ਸਮਾਜੀਕਰਨ ਦੀਆਂ ਦੋ ਕਿਸਮਾਂ ਦੇ ਨਾਂ ਲਿਖੋ । 1

(ੲ) ਕੀ ਇਸਤਰੀ ਮਤਾਧਿਕਾਰ ਜ਼ਰੂਰੀ ਹੈ ? 1



www.a2zpapers.com
www.a2zpapers.com
www.a2zpapers.com
Download free old Question papers gndu, ptu hp board, punjab board

a2zpapers.com



(ਸ) ਚੀਨ ਵਿੱਚ ਕਿਸ ਕਿਸਮ ਦੀ ਦਲ ਪ੍ਰਣਾਲੀ ਹੈ ? 1

(ਹ) ਨੌਕਰਸ਼ਾਹੀ ਦੀ ਭਰਤੀ ਦਾ ਸਭ ਤੋਂ ਵਧੀਆਂ ਢੰਗ ______ ਹਨ । 1

(ਕ) ਭਾਰਤ ਵਿੱਚ ਰਾਜਨੀਤਿਕ ਦਲਾਂ ਨੂੰ ਮਾਨਤਾ ਪ੍ਰਦਾਨ ਕਰਦਾ ਹੈ ______

(i) ਭਾਰਤ ਦਾ ਰਾਸ਼ਟਰਪਤੀ (ii) ਭਾਰਤ ਦੀ ਸੰਸਦ

(iii) ਭਾਰਤ ਦਾ ਚੋਣ ਕਮਿਸ਼ਨ (iv) ਭਾਰਤ ਦੀ ਸੁਪਰੀਮ ਕੋਰਟ । 1

(ਖ) 1970 ਵਿੱਚ ਇਨਸਾਨੀ ਬਿਰਾਦਰੀ ਕਿਸ ਦੀ ਅਗਵਾਈ ਅਧੀਨ ਬਣੀ :

(i) ਸ਼ੇਖ਼ ਮੁਹੰਮਦ ਅਬਦੁੱਲਾ (ii) ਸ੍ਰੀ ਜੈ ਪ੍ਰਕਾਸ਼ ਜੋਸ਼ੀ

(iii) ਖਾਨ ਅਬਦੁਲ ਗੁਫ਼ਾਰ ਖਾਨ (iv) ਜੈ ਪ੍ਰਕਾਸ਼ ਨਰਾਇਣ 1

(ਗ) ਸਾਰਕ ਦਾ ਮੁੱਖ ਦਫਤਰ ਹੈ :

(i) ਕਾਠਮੰਡੂ ਨੇਪਾਲ ਵਿੱਚ (ii) ਇਸਲਾਮਾਬਾਦ ਪਾਕਿਸਤਾਨ ਵਿੱਚ

(iii) ਨਵੀਂ ਦਿੱਲੀ ਭਾਰਤ ਵਿੱਚ (iv) ਕੋਲੰਬੋ ਸ੍ਰੀ ਲੰਕਾ ਵਿੱਚ । 1

(ਘ) ਪੰਡਿਤ ਜਵਾਹਰ ਲਾਲ ਨਹਿਰੂ ਭਾਰਤ ਦੀ ਵਿਦੇਸ਼ੀ ਨੀਤੀ ਦੇ ਮੁੱਖ ਨਿਰਮਾਤਾ ਸਨ । (ਠੀਕ/ਗਲਤ) 1

(ਙ) ਭਾਰਤ ਸੰਯੁਕਤ ਰਾਸ਼ਟਰ ਸੰਘ ਦਾ ਨਾਮਜ਼ਦ ਮੈਂਬਰ ਹੈ । (ਠੀਕ/ਗਲਤ) 1

## ਭਾਗ-ਅ

*ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।*

2. 'ਰਾਜਨੀਤਿਕ ਪ੍ਰਣਾਲੀ' (The Political System) ਨਾਂ ਦੀ ਪੁਸਤਕ ਕਿਸ ਵਿਦਵਾਨ ਨੇ ਲਿਖੀ ? 2
3. ਰਾਜਨੀਤਿਕ ਸੱਭਿਆਚਾਰ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 2
4. ਸਮਕਾਲੀ ਉਦਾਰਵਾਦ ਦੇ ਰਾਜ ਸੰਬੰਧੀ ਵਿਚਾਰ ਲਿਖੋ । 2
5. ਧਰਮ ਦੇ ਆਧਾਰ ਤੇ ਬਣੇ ਰਾਜਨੀਤਿਕ ਦਲਾਂ ਤੋਂ ਤੁਹਾਡਾ ਕੀ ਭਾਵ ਹੈ ? 2
6. ਖੇਤਰੀ ਪ੍ਰਤੀਨਿਧਤਾ ਤੋਂ ਤੁਹਾਡਾ ਕੀ ਭਾਵ ਹੈ ? 2
7. ਰਾਜਨੀਤਿਕ ਕਾਰਜਪਾਲਿਕਾ ਤੋਂ ਤੁਹਾਡਾ ਕੀ ਭਾਵ ਹੈ.? 2
8. ਰਾਸ਼ਟਰਪਤੀ ਨੂੰ ਨਾਂ-ਮਾਤਰ ਦਾ ਸੰਵਿਧਾਨਕ ਮੁਖੀ ਕਿਉਂ ਕਿਹਾ ਜਾਂਦਾ ਹੈ ? 2
9. ਗਰੀਬੀ ਦੇ ਭਾਰਤੀ ਲੋਕਤੰਤਰ ਤੇ ਕੋਈ ਦੋ ਪ੍ਰਭਾਵ ਲਿਖੋ । 2
10. ਨਗਰਪਾਲਿਕਾ ਦੇ ਕੋਈ ਦੋ ਕਾਰਜ ਲਿਖੋ । 2
11. ਦੋ ਰਾਸ਼ਟਰੀ ਰਾਜਨੀਤਿਕ ਦਲਾਂ ਦੇ ਨਾਂ ਤੇ ਚੋਣ ਨਿਸ਼ਾਨ ਲਿਖੋ । 2
12. ਰਾਸ਼ਟਰੀ ਏਕੀਕਰਨ ਦੀ ਕੋਈ ਇੱਕ ਪ੍ਰੀਭਾਸ਼ਾ ਲਿਖੋ । 2
13. ਸਾਰਕ ਦੇ ਕੋਈ 4 ਮੈਂਬਰ ਦੇਸਾਂ ਦੇ ਨਾਂ ਲਿਖੋ । 2



www.a2zpapers.com
www.a2zpapers.com
www.a2zpapers.com
Download free old Question papers gndu, ptu hp board, punjab board

a2zpapers.com



## ਭਾਗ-ੲ

ਨੋਟ : ਕੋਈ 8 ਪ੍ਰਸ਼ਨ ਕਰਨੇ ਹਨ ।

14. ਰਾਜਨੀਤਿਕ ਪ੍ਰਣਾਲੀ ਤੋਂ ਤੁਹਾਡਾ ਕੀ ਭਾਵ ਹੈ ? 4

15. ਨੌਕਰਸ਼ਾਹੀ ਦੇ ਤਰਤੀਬਵਾਰ ਸੰਗਠਨ ਤੋਂ ਤੁਹਾਡਾ ਕੀ ਭਾਵ ਹੈ ? 4

16. ਪੇਸ਼ੇਵਰ ਪ੍ਰਤੀਨਿਧਤਾ ਤੋਂ ਤੁਹਾਡਾ ਕੀ ਭਾਵ ਹੈ ? 4

17. ਗਾਂਧੀ ਜੀ ਦਾ ਅਮਾਨਤੀ ਸਿਧਾਂਤ ਕੀ ਹੈ ? 4

18. ਕਾਰਲ ਮਾਰਕਸ ਦਾ 'ਵਾਧੂ ਮੋਲ' ਦਾ ਸਿਧਾਂਤ ਕੀ ਹੈ ? 4

19. ਵਿਅਕਤੀਗਤ ਜ਼ਿੰਮੇਵਾਰੀ ਤੋਂ ਤੁਹਾਡਾ ਕੀ ਭਾਵ ਹੈ ? 4

20. ਅਨਪੜ੍ਹਤਾ ਭਾਰਤੀ ਲੋਕਤੰਤਰ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ ? 4

21. ਕਾਂਗਰਸ ਪਾਰਟੀ ਦੀਆਂ ਕੋਈ 4 ਨੀਤੀਆਂ ਲਿਖੋ । 4

22. ਮਤਦਾਨ ਵਿਹਾਰ ਨੂੰ ਪ੍ਰਭਾਵਿਤ ਕਰਨ ਵਾਲੇ 4 ਤੱਥਾਂ ਦਾ ਵਰਨਣ ਕਰੋ । 4

23. ਨਿਸ਼ਸਤਰੀਕਰਣ ਤੋਂ ਤੁਹਾਡਾ ਕੀ ਭਾਵ ਹੈ ? 4

## ਭਾਗ-ਸ

ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।

24. ਰਾਜ ਅਤੇ ਰਾਜਨੀਤਿਕ ਪ੍ਰਣਾਲੀ ਵਿੱਚ ਕੋਈ 6 ਅੰਤਰਾਂ ਦਾ ਵਰਨਣ ਕਰੋ । 6

ਜਾਂ

ਰਾਜਨੀਤਿਕ ਸੱਭਿਆਚਾਰ ਤੋਂ ਕੀ ਭਾਵ ਹੈ ? ਇਸਦੇ ਤੱਤਾਂ ਦਾ ਵਰਨਣ ਕਰੋ । 2+4

25. ਦਬਾਉ ਸਮੂਹ ਕੀ ਹੁੰਦੇ ਹਨ ? ਦਬਾਉ ਸਮੂਹਾਂ ਤੇ ਰਾਜਨੀਤਿਕ ਦਲਾਂ ਵਿੱਚ ਕੋਈ 4 ਅੰਤਰਾ ਦਾ ਵਰਨਣ ਕਰੋ । 2+4

ਜਾਂ

ਲੋਕਮਤ ਤੋਂ ਕੀ ਭਾਵ ਹੈ ? ਲੋਕ ਮਤ ਦੀ ਉਸਾਰੀ ਤੇ ਪ੍ਰਗਟਾਵੇ ਦੇ 4 ਸਾਧਨਾਂ ਦਾ ਵਰਨਣ ਕਰੋ । 2+4

26. ਭਾਰਤ ਵਿਚ ਲੋਕਤੰਤਰ ਨੂੰ ਸਫਲ ਬਣਾਉਣ ਲਈ 6 ਜ਼ਰੂਰੀ ਸ਼ਰਤਾਂ ਦਾ ਵਰਨਣ ਕਰੋ । 6

ਜਾਂ

73ਵੀਂ ਸੰਵਿਧਾਨਕ ਸੋਧ ਦੁਆਰਾ ਪੰਚਾਇਤੀ ਰਾਜ ਪ੍ਰਣਾਲੀ ਵਿੱਚ ਕੀ ਪ੍ਰੀਵਰਤਨ ਕੀਤੇ ਗਏ ? ਕੋਈ 6 ਦਾ ਵਰਨਣ ਕਰੋ । 6

27. ਭਾਰਤੀ ਚੋਣ ਪ੍ਰੀਕ੍ਰਿਆ ਦੇ ਕੋਈ 6 ਪੜਾਵਾਂ ਦਾ ਵਰਨਣ ਕਰੋ । 6

ਜਾਂ

ਵਿਦੇਸ਼ੀ ਨੀਤੀ ਦਾ ਕੀ ਅਰਥ ਹੈ ? ਭਾਰਤ ਦੀ ਵਿਦੇਸ਼ੀ ਨੀਤੀ ਦੀਆਂ 4 ਵਿਸ਼ੇਸ਼ਤਾਵਾਂ ਦਾ ਵਰਨਣ ਕਰੋ । 6



www.a2zpapers.com
www.a2zpapers.com
www.a2zpapers.com
Download free old Question papers gndu, ptu hp board, punjab board